## ਬੋਲੀ ਜਾਂ ਭਾਸ਼ਾ

**ਬੋਲੀ** ਜਾਂ **ਭਾਸ਼ਾ** ਦਾ ਅਰਥ ਹੈ ਬੋਲਣਾ। ਉਹ ਸਾਧਨ ਜਿਸਦੇ ਦੁਆਰਾ ਅਸੀਂ ਆਪਣੇ ਵਿਚਾਰਾਂ ਨੂੰ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਾਂ, ਉਸਨੂੰ ਭਾਸ਼ਾ ਜਾਂ ਬੋਲੀ ਕਿਹਾ ਜਾਂਦਾ ਹੈ।

## ਬੋਲੀ ਦੀਆਂ ਕਿਸਮਾਂ

ਪੰਜਾਬੀ ਵਿਆਕਰਨ ਵਿਚ ਬੋਲੀ ਦੋ ਪ੍ਰਕਾਰ ਦੀ ਹੁੰਦੀ ਹੈ -

1. ਆਮ ਬੋਲਚਾਲ ਦੀ ਬੋਲੀ
2. ਲਿਖਤੀ ਜਾਂ ਸਾਹਿਤਕ ਬੋਲੀ

**1. ਆਮ ਬੋਲਚਾਲ ਦੀ ਬੋਲੀ** - ਬੋਲਚਾਲ ਦੀ ਬੋਲੀ ਲੋਕਾਂ ਦੀ **ਆਮ ਬੋਲਚਾਲ ਦੀ ਬੋਲੀ** ਹੁੰਦੀ ਹੈ। ਇਹ ਭਾਸ਼ਾ ਬਹੁਤੀ ਸ਼ੁੱਧ ਨਹੀਂ ਹੁੰਦੀ, ਕਿਉਂਕਿ ਇਹ ਵਿਆਕਰਨ ਨਿਯਮਾਂ ਵਿੱਚ ਬੱਝੀ ਨਹੀਂ ਹੁੰਦੀ।

**ਵੇਖੋ, ਪੜ੍ਹੋ ਅਤੇ ਸਮਝੋ -**







**2. ਲਿਖਤੀ ਜਾਂ ਸਾਹਿਤਕ ਬੋਲੀ** - ਜਦੋਂ ਕੋਈ ਗੱਲ ਲਿਖ ਕੇ ਬਿਆਨ ਕੀਤੀ ਜਾਂਦੀ ਹੈ ਤਾਂ ਉਹ **ਲਿਖਤੀ** ਜਾਂ **ਸਾਹਿਤਕ ਬੋਲੀ** ਅਖਵਾਉਂਦੀ ਹੈ। ਇਹ ਸ਼ੁੱਧ ਭਾਸ਼ਾ ਹੁੰਦੀ ਹੈ ਅਤੇ ਵਿਆਕਰਨਕ ਨਿਯਮਾਂ ਅਨੁਸਾਰ ਵਰਤੀ ਜਾਂਦੀ ਹੈ। ਇਸੇ ਭਾਸ਼ਾ ਦੀ ਵਰਤੋਂ ਲੇਖਕ ਅਤੇ ਸਾਹਿਤਕਾਰ ਆਪਣੀ ਰਚਨਾਵਾਂ ਵਿੱਚ ਕਰਦੇ ਹਨ।

**ਯਾਦ ਰੱਖੋ ਜੀ**

1. ਹਰੇਕ ਮਨੁੱਖ ਲਈ ਬੋਲਚਾਲ ਜ਼ਰੂਰੀ ਹੈ।
2. ਬੋਲੀ ਜਾਂ ਭਾਸ਼ਾ ਮਨ ਦੀ ਗੱਲ ਦੂਜਿਆਂ ਤੱਕ ਪਹੁੰਚਾਉਣ ਦਾ ਸਾਧਨ ਹੈ।
3. ਬੋਲੀ ਦੀਆਂ ਦੋ ਕਿਸਮਾਂ ਹਨ - ਬੋਲਚਾਲ ਦੀ ਬੋਲੀ ਅਤੇ ਲਿਖਤੀ ਬੋਲੀ।
4. ਪੰਜਾਬੀ ਸਾਡੀ ਮਾਤ ਭਾਸ਼ਾ ਜਾਂ ਮਾਂ-ਬੋਲੀ ਹੈ।
5. ਭਾਰਤ ਵਿੱਚ 22 ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ।
6. ਸਾਨੂੰ ਹੋਰ ਭਾਸ਼ਾਵਾਂ ਵੀ ਸਿੱਖਣੀਆਂ ਚਾਹੀਦੀਆਂ ਹਨ।

## ਆਓ ਯੋਗਤਾ ਪਰਖੀਏ

**Multiple Intelligence**
**Naturalistic**
**Value Based**

1. ਸਹੀ ਉੱਤਰ ਅੱਗੇ (✓) ਸਹੀ ਦਾ ਨਿਸ਼ਾਨ ਲਗਾਓ -

(ੳ) ਜੀਵਨ ਵਿੱਚ ਕਿਸ ਚੀਜ਼ ਦੀ ਵਧੇਰੇ ਲੋੜ ਹੈ ?

ਬੋਲੀ ਦੀ ☐ ਖੇਡਾਂ ਦੀ ☐ ਸੈਰ ਦੀ ☐

(ਅ) ਆਪਣੇ ਮਨ ਦੇ ਭਾਵਾਂ ਨੂੰ ਕਿਵੇਂ ਪ੍ਰਗਟਾਇਆ ਜਾਂਦਾ ਹੈ ?

ਬੋਲ ਕੇ ☐ ਲਿਖ ਕੇ ☐ ਦੋਹਾਂ ਨਾਲ ☐

(ੲ) ਬੋਲੀ ਦੀਆਂ ਕਿੰਨੀਆਂ ਕਿਸਮਾਂ ਹਨ ?

ਤਿੰਨ ☐ ਚਾਰ ☐ ਦੋ ☐

(ਸ) ਭਾਰਤ ਵਿੱਚ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ ?

28 ☐ 22 ☐ 25 ☐

(ਹ) ਸਾਡੀ ਰਾਸ਼ਟਰ ਭਾਸ਼ਾ ਕਿਹੜੀ ਹੈ ?

ਅੰਗਰੇਜ਼ੀ ☐ ਹਿੰਦੀ ☐ ਪੰਜਾਬੀ ☐

(ਕ) ਪੰਜਾਬੀਆਂ ਦੀ ਮਾਂ-ਬੋਲੀ ਕਿਹੜੀ ਹੈ ?

ਪੰਜਾਬੀ ☐ ਫ਼ਾਰਸੀ ☐ ਹਿੰਦੀ ☐